**Senior Support Team ਸਾਰੇ ਵਿਅਕਤੀਆਂ ਦਾ ਆਦਰ ਕਰਦੀ ਹੈ ਅਤੇ ਉਹਨਾਂ ਦੇ ਮਾਣ ਦੀ ਕਦਰ ਕਰਦੀ ਹੈ। ਅਸੀਂ ਪਿਛੋਕੜ, ਸਮਾਜਕ ਰੁਤਬੇ, ਯੋਗਤਾਵਾਂ ਅਤੇ ਜਿਨਸੀ ਰੁਝਾਨ ਵਿੱਚ ਵੰਨ-ਸੁਵੰਨਤਾ ਦੇ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਹਾਂ।**

## ਮਿਸ਼ਨ

ਸਿਆਣੀ ਉਮਰ ਦੇ ਬਾਲਗਾਂ ਲਈ ਰਹਿਣ ਦਾ ਸੁਰੱਖਿਅਤ ਮਾਹੌਲ ਬਣਾਉਣ ਵਾਸਤੇ ਉਨ੍ਹਾਂ ਨਾਲ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਕੰਮ ਕਰਨਾ ਅਤੇ ਦੁਰਵਿਹਾਰ ਨਾਲ ਪੀੜਿਤ ਬਜ਼ੁਰਗਾਂ ਨੂੰ ਠੀਕ ਹੋਣ ਦਾ ਅਤੇ ਬਦਲਾਅ ਦਾ ਮੌਕਾ ਦੇਣਾ।

## ਸੁਪਨਾ

ਅਸੀਂ ਅਜਿਹੀ ਕਮਿਊਨਿਟੀ ਦੀ ਕਲਪਨਾ ਕਰਦੇ ਹਾਂ ਜਿਸ ਵਿੱਚ ਸਿਆਣੀ ਉਮਰ ਦੇ ਬਾਲਗ ਦੁਰਵਿਹਾਰ ਤੋਂ ਮੁਕਤ ਰਹਿ ਸਕਣ ਅਤੇ ਅਜਿਹੀ ਆਦਰਪੂਰਨ ਕਮਿਊਨਿਟੀਆਂ ਵਿੱਚ ਆਪਣੀ ਜ਼ਿੰਦਗੀ ਜੀ ਸਕਣ ਜਿਨ੍ਹਾਂ ਵਿੱਚ ਇੱਕ ਮਹਤੱਵ ਅਤੇ ਆਪਣੇਪਨ ਦਾ ਅਹਿਸਾਸ ਹੁੰਦਾ ਹੈ।

## ਕਦਰਾਂ-ਕੀਮਤਾਂ

- **ਸੁਰੱਖਿਆ:** ਅਮਨ-ਚੈਨ ਅਤੇ ਸੁਰੱਖਿਆ ਨਾਲ ਰਹਿਣਾ
- **ਆਦਰ ਅਤੇ ਸਤਕਾਰ:** ਨਿੱਜੀ ਕਦਰਾਂ-ਕੀਮਤਾਂ ਅਤੇ ਪਸੰਦਾਂ ਦੀ ਦੂਸਰਿਆਂ ਵੱਲੋਂ ਕਦਰ ਕੀਤੀ ਜਾਣੀ
- **ਭੇਤਦਾਰੀ:** ਇਹ ਫੈਸਲਾ ਕਰਨਾ ਕਿ ਕਿਹੜੀ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ
- **ਖ਼ੁਦਮੁਖ਼ਤਿਆਰੀ:** ਆਪਣੇ ਮਾਮਲਿਆਂ ਬਾਰੇ ਖ਼ੁਦ ਫੈਸਲਾ ਕਰਨਾ ਅਤੇ ਉਨ੍ਹਾਂ ਉੱਤੇ ਕੰਟ੍ਰੋਲ ਹੋਣਾ
- **ਜਾਣਕਾਰੀ ਤੱਕ ਪਹੁੰਚ:** ਸਾਰੀ ਉਪਲਬਧ ਜਾਣਕਾਰੀ ਹਾਸਲ ਕਰਨੀ ਤਾਂਕਿ ਅਰਥਪੂਰਣ ਅਤੇ ਸੂਚਿਤ ਫੈਸਲੇ ਲਏ ਜਾ ਸਕਣ
- **ਘੱਟ ਤੋਂ ਘੱਟ ਪਾਬੰਦੀਸ਼ੁਦਾ ਦਖਲਅੰਦਾਜ਼ੀ:** ਸਿਆਣੀ ਉਮਰ ਦੇ ਬਾਲਗਾਂ ਦੀਆਂ ਇੱਛਾਵਾਂ ਦਾ ਆਦਰ ਕਰਨਾ ਅਤੇ ਉਨ੍ਹਾਂ ਦੀ ਕਮਿਊਨਿਟੀ ਵਿੱਚ ਨੁਕਸਾਨ ਨੂੰ ਘੱਟ ਕਰਨਾ



ਜੇ ਤੁਸੀਂ ਕਿਸੇ ਬਜ਼ੁਰਗ ਨੂੰ ਜਾਣਦੇ ਹੋ ਜਿਸ ਨਾਲ ਦੁਰਵਿਹਾਰ ਹੋ ਰਿਹਾ ਹੈ, ਤਾਂ ਕਿਰਪਾ ਕਰਕੇ Waterloo Region ਦੀ Senior Support Team ਨਾਲ ਸੰਪਰਕ ਕਰੋ:

Senior Support Team ਨੂੰ

**519-579-4607** ’ਤੇ ਕਾਲ ਕਰੋ

ਸੋਮਵਾਰ ਤੋਂ ਸ਼ੁੱਕਰਵਾਰ 7 a.m. – 3 p.m.

ਜਾਂ ਸਾਨੂੰ ਈਮੇਲ ਕਰੋ

**seniorsupport@wrps.on.ca**

**ਐਮਰਜੈਂਸੀ ਵਿੱਚ 911 ’ਤੇ ਕਾਲ ਕਰੋ**

Senior Support Team ਵਿੱਚ Waterloo Regional Police Service ਅਤੇ Ontario Health atHome ਨਾਲ ਭਾਈਵਾਲੀ ਹੈ।

Ontario Health atHome

WATERLOO REGIONAL POLICE

# Waterloo Region ਦੀ Senior Support Team

ਬਜ਼ੁਰਗਾਂ ਨਾਲ ਦੁਰਵਿਹਾਰ ਪ੍ਰਤੀ ਜਾਗਰੂਕਤਾ ਅਤੇ ਰੋਕਥਾਮ ਦੇ ਜ਼ਰੀਏ ਕਮਿਊਨਿਟੀ ਦਾ ਸਮਰਥਨ ਕਰਨਾ



WATERLOO REGIONAL POLICE

## ਬਜ਼ੁਰਗਾਂ ਨਾਲ ਦੁਰਵਿਹਾਰ ਦਾ ਕੀ ਮਤਲਬ ਹੈ?

ਬਜ਼ੁਰਗਾਂ ਨਾਲ ਦੁਰਵਿਹਾਰ ਦਾ ਮਤਲਬ ਹੈ ਕਿ ਕਿਸੇ ਸਿਆਣੀ ਉਮਰ ਦੇ ਬਾਲਗ ਨਾਲ ਕਿਸੇ ਅਜਿਹੇ ਵਿਅਕਤੀ ਦੁਆਰਾ ਬਦਸਲੂਕੀ ਕੀਤੀ ਜਾਣੀ ਜਿਸ ਉੱਤੇ ਉਹ ਨਿਰਭਰ ਹੋ ਸਕਣ: ਜੀਵਨ ਸਾਥੀ, ਇੱਕ ਬੱਚਾ, ਪਰਿਵਾਰ ਦਾ ਕੋਈ ਹੋਰ ਮੈਂਬਰ, ਅਜਿਹਾ ਵਿਅਕਤੀ ਜਿਸ ਕੋਲ ਪਾਵਰ ਆਫ ਅਟਾਰਨੀ ਹੈ ਜਾਂ ਫਿਰ ਇੱਕ ਦੋਸਤ।

**ਬਜ਼ੁਰਗਾਂ ਨਾਲ ਕਈ ਤਰ੍ਹਾਂ ਦੇ ਦੁਰਵਿਹਾਰ ਹੁੰਦੇ ਹਨ:**

- ਸਰੀਰਕ
- ਵਿੱਤੀ
- ਮਨੋਵਿਗਿਆਨਕ
- ਨਜ਼ਰਅੰਦਾਜ਼ ਕਰਨਾ
- ਜਿਨਸੀ



## Waterloo Region ਦੀ Senior Support Team

ਅਸੀਂ ਆਪਣੀ ਕਮਿਊਨਿਟੀ ਵਿੱਚ ਬਜ਼ੁਰਗਾਂ ਨਾਲ ਦੁਰਵਿਹਾਰ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਦੁਰਵਿਹਾਰ ਸਹਿ ਰਹੇ ਬਜ਼ੁਰਗਾਂ ਦੀ ਮਦਦ ਕਰਨ ਲਈ ਸਮਰਪਿਤ ਹਾਂ।

### ਅਸੀਂ ਉਪਲਬਧ ਹਾਂ:

- ਇਹ ਸਿੱਖਿਆ ਦੇਣ ਲਈ ਕਿ ਬਜ਼ੁਰਗਾਂ ਨਾਲ ਦੁਰਵਿਹਾਰ ਨੂੰ ਕਿਵੇਂ ਪਛਾਣਨਾ ਹੈ, ਰੋਕਣਾ ਹੈ ਅਤੇ ਰਿਪੋਰਟ ਕਰਨਾ ਹੈ।
- ਦੁਰਵਿਹਾਰ ਤੋਂ ਪੀੜਿਤ ਬਜ਼ੁਰਗਾਂ ਨੂੰ ਲੋੜੀਂਦੀ ਸਹਾਇਤਾ ਅਤੇ ਸਰੋਤਾਂ ਨਾਲ ਜੋੜਨ ਲਈ।
- ਕਮਿਊਨਿਟੀ ਏਜੰਸੀਆਂ ਨੂੰ ਰੈਫਰਲ ਵਿੱਚ ਮਦਦ ਕਰਨ ਲਈ।
- ਝਗੜਿਆਂ ਦੇ ਹੱਲ ਨੂੰ ਉਤਸ਼ਾਹਿਤ ਕਰਨ ਲਈ।
- ਅਪਰਾਧਿਕ ਕਿਸਮ ਦੇ ਹਾਲਾਤਾਂ ਦੀ ਜਾਂਚ ਕਰਨ ਲਈ।

### ਅਸੀਂ ਪੁਨਰ-ਸਥਾਪਨਾ ਕਰਨ ਵਾਲੇ ਇੰਸਾਫ ਦਾ ਸਮਰਥਨ ਕਰਦੇ ਹਾਂ ਜਿਸ ਵਿੱਚ:

- ਪੀੜਤਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਉੱਤੇ ਧਿਆਨ ਕੇਂਦ੍ਰਿਤ ਕਰਕੇ ਬਜ਼ੁਰਗਾਂ ਨਾਲ ਦੁਰਵਿਹਾਰ ਨਾਲ ਨਜਿੱਠਿਆ ਜਾਂਦਾ ਹੈ।
- ਵਿਅਕਤੀਆਂ ਨੂੰ ਆਪਣੇ ਹਾਨੀਕਾਰਕ ਵਤੀਰੇ ਦੀ ਜ਼ਿੰਮੇਵਾਰੀ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।
- ਕਮਿਊਨਿਟੀਆਂ ਵਿੱਚ ਸ਼ਾਂਤੀ ਕਾਇਮ ਕੀਤੀ ਜਾਂਦੀ ਹੈ।

## ਚੇਤਾਵਨੀ ਦੇਣ ਵਾਲੀਆਂ ਨਿਸ਼ਾਨੀ ਕੀ ਹੁੰਦੀਆਂ ਹਨ?

- ਬਹੁਤ ਸਾਰੇ ਸਿਆਣੀ ਉਮਰ ਦੇ ਬਾਲਗ ਦੁਰਵਿਹਾਰ ਦੀ ਰਿਪੋਰਟ ਨਹੀਂ ਕਰਦੇ ਕਿਉਂਕਿ ਉਹ ਸ਼ਰਮਿੰਦਗੀ ਤੇ ਅਪਮਾਨ ਮਹਿਸੂਸ ਕਰਦੇ ਹਨ ਜਾਂ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਹਾਲਾਤ ਹੋਰ ਵਿਗੜ ਜਾਣਗੇ। ਪਰ ਅਜਿਹੀਆਂ ਕੁਝ ਚੇਤਾਵਨੀ ਦੇਣ ਵਾਲੀਆਂ ਨਿਸ਼ਾਨੀਆਂ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਕੋਈ ਬਜ਼ੁਰਗ ਦੁਰਵਿਹਾਰ ਸਹਿ ਰਿਹਾ ਹੈ:
- ਉਨ੍ਹਾਂ ਨਾਲ ਅਜਿਹੇ ਕਿਸੇ ਵਿਅਕਤੀ ਵੱਲੋਂ ਸਰੀਰਕ ਅਤੇ/ ਜਾਂ ਜ਼ਬਾਨੀ ਬਦਸਲੂਕੀ ਕੀਤੀ ਜਾਂਦੀ ਹੈ ਜਿਸ ਉੱਤੇ ਉਹ ਨਿਰਭਰ ਹਨ।
- ਉਨ੍ਹਾਂ ਨੂੰ ਆਪਣੇ ਪੈਸਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮੁਸ਼ਕਲ ਆਉਂਦੀ ਹੈ।
- ਉਹ ਡਰੇ ਹੋਏ ਅਤੇ ਅਪਮਾਨਿਤ ਮਹਿਸੂਸ ਕਰਦੇ ਹਨ।
- ਉਨ੍ਹਾਂ ਨੂੰ ਢਿੱਡ ਭਰ ਕੇ ਖਾਣ ਲਈ ਭੋਜਨ ਨਹੀਂ ਮਿਲਦਾ।
- ਉਨ੍ਹਾਂ ਦੀ ਢੁਕਵੀਂ ਡਾਕਟਰੀ ਦੇਖਭਾਲ ਨਹੀਂ ਕੀਤੀ ਜਾਂਦੀ।
- ਘਰ ਵਿੱਚ ਝਗੜੇ ਹੋਣ ਦੇ ਸਬੂਤ ਹਨ।

**ਬਜ਼ੁਰਗਾਂ ਨਾਲ ਦੁਰਵਿਹਾਰ ਬਾਰੇ ਵਧੇਰੇ ਜਾਣਕਾਰੀ ਲਈ eapon.ca ’ਤੇ ਜਾਓ**





